ੴ ਵਾਹਿਗੁਰੂ ਜੀ ਕੀ ਫਤਹਿ॥

# ਦੇਵੀ

(ਗਿਆਨੀ ਦਿੱਤ ਸਿੰਘ ਜੀ ਦੀ ਲਿਖਤ 'ਦੁਰਗਾ ਪ੍ਰਬੋਧ' ਤੇ ਅਧਾਰਤ)

ਪੁਰਾਣੀਆਂ ਤਾਰੀਖਾਂ ਦੇ ਦੇਖਣੇ ਤੋਂ ਇਸ ਚੀਜ਼ ਦਾ ਭੇਦ ਪਤਾ ਚੱਲ ਜਾਂਦਾ ਹੈ ਕਿ ਮੁਸਲਮਾਨਾਂ ਦੇ ਅਹਦ (ਰਾਜ ਕਾਲ) ਤੋਂ ਪਹਿਲਾਂ ਦੋ ਹੀ ਵੱਡੀਆਂ ਕੌਮਾਂ ਵਸਦੀਆਂ ਸਨ, ਇਕ ਦੱਖਣ ਵੱਲ ਮਰਹੱਟੇ ਤੇ ਉਤਰ ਵੱਲ ਰਾਜਪੂਤ ਰਾਜ ਕਰਦੇ ਸਨ। ਇੰਨ੍ਹਾਂ ਦੋਹਾਂ ਖਾਨਦਾਨਾਂ ਦੇ ਆਪਸ ਵਿਚ ਜੁੱਧ ਹੁੰਦੇ ਰਹਿੰਦੇ ਸਨ।ਪ੍ਰੰਤੂ ਮਰਹੱਟੇ ਬਹੁਤ ਬਹਾਦਰ ਸਨ ਤੇ ਉਨ੍ਹਾਂ ਨੇ ਰਾਜਪੂਤਾਂ ਨੂੰ ਪਹਾੜਾਂ ਵੱਲ ਧਕੇਲ ਦਿਤਾ।ਮਰਹੱਟਿਆਂ ਨੇ ਆਪਣੀ ਜੰਗਜੂ ਬਿਰਤੀ ਅਨੁਸਾਰ ਪਹਾੜੀ ਗਰੀਬ ਲੋਕਾਂ ਨੂੰ ਦਬਾ ਕੇ ਆਪਣੀਆਂ ਰਾਜਧਾਨੀਆਂ ਪਹਾੜਾਂ ਵਿਚ ਭੀ ਕਾਇਮ ਕਰ ਲਈਆਂ ਅਤੇ ਉਹ ਲੋਕ ਆਪਣੇ ਆਪ ਨੂੰ ਠਾਕਰ ਕਹਿਲਾਉਂਦੇ ਸਨ ਤੇ ਆਪਣੇ ਆਪ ਨੂੰ ਸਭ ਤੋਂ ਉਚਾ ਗਿਣਦੇ ਸਨ।

ਜਦੋਂ ਮਰਹੱਟਿਆਂ ਨੇ ਆਪਣੀ ਸਮਰੱਥਾ ਪਹਾੜਾਂ ਵਿਚ ਬਹੁਤ ਵਧਾ ਲਈ ਤਾਂ ਉਹ ਫਿਰ ਵੀ ਗਰੀਬ ਪਹਾੜੀਆਂ ਨੂੰ ਧਮਕਾਉਂਦੇ ਸਨ ਤੇ ਉਨ੍ਹਾਂ ਦੀਆਂ ਸੁੰਦਰ ਜਵਾਨ ਲੜਕੀਆਂ ਨੂੰ ਜਬਰਦਸਤੀ ਲੈ ਜਾਣਾ ਪਸੰਦ ਕਰਦੇ ਸਨ।ਪ੍ਰੰਤੂ ਉਸ ਵੇਲੇ ਉਹ ਕੰਨਿਆਂ ਜੋ ਇਕ ਰਾਜਪੂਤ ਖੂਨ ਦੇ ਜੋਸ਼ ਵਿਚ ਮੱਤੀਆਂ ਹੁੰਦੀਆਂ ਸਨ, ਸੋ ਆਪਣੇ ਬਚਾਉ ਲਈ ਉਨ੍ਹਾਂ ਨਾਲ ਐਸੇ ਅਹਦ (ਵਾਹਦਾ) ਕਰ ਲੈਂਦੀਆਂ ਸਨ ਕਿ ਜੇ ਤੁਸੀਂ ਸਾਨੂੰ ਜੰਗ ਵਿਚ ਜਿੱਤ ਲਵੋ ਤਾਂ ਅਸੀਂ ਤੁਹਾਡੇ ਨਾਲ ਸ਼ਾਦੀ ਕਰ ਲਵਾਂਗੀਆਂ।ਕਿਉਂਕਿ ਪੁਰਾਣੇ ਸਮਿਆਂ ਵਿਚ ਰਾਜਕੁਮਾਰੀਆਂ ਅਕਸਰ ਇਸ ਤਰ੍ਹਾਂ ਪ੍ਰਤਿੱਗਿਆ ਕਰਦੀਆਂ ਹੁੰਦੀਆਂ ਸਨ, ਜਿਵੇ ਕਿ ਸੀਤਾ, ਦਰੋਪਦੀ, ਦਵਦੰਤੀ ਆਦਿ ਦੇ ਇਤਿਹਾਸ ਗਵਾਹੀ ਦੇ ਰਹੇ ਹਨ।

ਉਨ੍ਹਾਂ ਦੀ ਇਸ ਬਹਾਦਰੀ ਨੂੰ ਸੁਣ ਕੇ ਮਰਹੱਟੇ ਜੋ ਬੜੇ ਬਹਾਦਰ ਹੁੰਦੇ ਸਨ, ਆਪਣੀ ਸੈਨਾ ਲੈਕੇ ਚੜਾਈ ਕਰਦੇ ਸਨ, ਪਰ ਪਹਾੜੀ ਰਸਤੇ ਤੋਂ ਅਨਜਾਣ ਹੋਣ ਕਰਕੇ ਉਨ੍ਹਾਂ ਤੋਂ ਸ਼ਿਕਸਤ ਖਾ ਜਾਂਦੇ ਸਨ, ਜਿਵੇਂ ਕਿ ਸਰਹੱਦੀ ਪਹਾੜਾਂ ਦੇ ਥੋੜੇ ਜਿਹੇ ਪਠਾਨ ਸਰਕਾਰੀ ਫੌਜ ਨੂੰ ਪਹਾੜੀ ਰਸਤੇ ਦੇ ਕਾਰਨ ਬਹੁਤ ਦੁੱਖ ਦੇਂਦੇ ਹਨ।

ਉਨ੍ਹਾਂ ਦੀ ਇਸ ਬਹਾਦਰੀ ਕਰਕੇ ਉਨ੍ਹਾਂ ਦਾ ਬਹੁਤ ਸਤਿਕਾਰ ਹੁੰਦਾ ਸੀ ਅਤੇ ਲੋਕ ਉਨ੍ਹਾਂ ਨੂੰ 'ਦੇਵੀ' 'ਦੇਵੀ' ਆਖ ਕੇ ਪੂਜਦੇ ਹੁੰਦੇ ਸਨ।ਇਥੋਂ ਤੱਕ ਕਿ ਮਰਨ ਤੋਂ ਬਾਅਦ ਭੀ ਉਨ੍ਹਾਂ ਦੇ ਮੰਦਰ ਬਣਾ ਕੇ ਮੂਰਤੀਆਂ ਜਾਂ ਪਿੰਡੀਆਂ ਅਰਥਾਤ ਸਮਾਧਾਂ ਬਣਾ ਕੇ ਮੇਲੇ ਲਗਾਉਣ ਲੱਗ ਗਏ, ਜਿਵੇਂ ਕਿ 'ਰਾਮ' 'ਕ੍ਰਿਸ਼ਨ' ਵਾਂਗ ਪ੍ਰਮੇਸ਼ਰ ਦਾ ਅਵਤਾਰ ਯਾ ਉਸਦੀ ਸ਼ਕਤੀ ਇਸਤ੍ਰੀ ਦਾ ਰੂਪ ਧਾਰ ਕੇ ਰਾਖਸ਼ਾਂ ਨੂੰ ਮਾਰਨ ਆਈ, ਆਖਣ ਲੱਗ ਗਏ।ਜਿਸ ਤਰ੍ਹਾਂ 'ਰਾਮ' 'ਕ੍ਰਿਸ਼ਨ' ਰਾਖਸ਼ਾਂ ਦੇ ਮਾਰਨ ਲਈ ਪ੍ਰਮੇਸ਼ਰ ਦਾ ਅਵਤਾਰ ਮੰਨਦੇ ਹਨ, ਇਸੇ ਤਰ੍ਹਾਂ ਇੰਨ੍ਹਾਂ ਦੀ ਪੂਜਾ ਹੋਣ ਲੱਗ ਪਈ।

ਪਰ ਜੇ ਵਿਚਾਰ ਕੇ ਦੇਖਿਆ ਜਾਵੇ ਤਾਂ 'ਰਾਮ' 'ਕ੍ਰਿਸ਼ਨ' ਦੇ ਵਿਰੋਧੀਆਂ ਨੂੰ ਰਾਕਸ਼ ਉਨ੍ਹਾਂ ਨਾਲ ਲੜਨ ਕਰਕੇ ਹੀ ਆਖਿਆ ਜਾਂਦਾ ਹੈ, ਵੈਸੇ ਤਾਂ ਉਹ ਵੀ ਵੱਡੇ ਕੁਲੀਨ ਰਾਜਾ ਕਸ਼ੱਤ੍ਰੀ ਸਨ, ਜੈਸੇ ਕਿ ਰਾਵਣ ਇਕ ਲੰਕਾ ਨਾਮੇ ਟਾਪੂ ਦਾ ਬ੍ਰਾਹਮਣ ਰਾਜਾ ਸੀ, ਜੋ ਵੱਡਾ ਭਾਰੀ ਪੰਡਿਤ ਸੀ।ਏਸੇ ਤਰ੍ਹਾਂ ਕੰਸ ਭੀ ਕ੍ਰਿਸ਼ਨ ਦੀ ਮਾਈ ਦੇਵਕੀ ਦਾ ਭਰਾ ਸੀ ਤੇ ਕ੍ਰਿਸ਼ਨ ਦਾ ਮਾਮਾ ਸੀ, ਜਿਸਤੇ ਇੰਨ੍ਹਾਂ ਦਾ ਰਾਕਸ਼ ਹੋਣਾ ਸਿੱਧ ਨਹੀਂ ਹੁੰਦਾ, ਕਿਉਂਕਿ ਰਾਵਣ ਦੀ ਇਸਤ੍ਰੀ ਤੇ ਛੋਟਾ ਭਾਈ ਭਬੀਖਣ ਨੂੰ ਲੋਕ ਰਾਖਸ਼ ਨਹੀਂ ਆਖਦੇ।ਇਸੇ ਤਰ੍ਹਾਂ ਦੇਵਕੀ ਕ੍ਰਿਸ਼ਨ ਦੀ ਮਾਈ ਹੋਣ ਕਰਕੇ ਰਾਖਸ਼ਨੀ ਨਹੀਂ ਅਖਵਾਉਂਦੀ, ਪ੍ਰੰਤੂ ਰਾਵਣ ਤੇ ਕੰਸ ਨੂੰ ਰਾਮ ਤੇ ਕ੍ਰਿਸ਼ਨ ਵਿਰੋਧੀ ਹੋਣ ਕਰਕੇ ਰਾਕਸ਼ ਬੋਲਦੇ ਹਨ।

ਏਸੇ ਤਰ੍ਹਾਂ ਉਨ੍ਹਾਂ ਰਾਜਕੁਮਾਰੀਆਂ ਨਾਲ ਜ਼ਬਰਦਸਤੀ ਸ਼ਾਦੀ ਕਰਾਉਣ ਦੀ ਇੱਛਾ ਕਰਨੇ ਵਾਲੇ (ਸੁੰਭ) ਜੈਸੇ ਮਰਹੱਟਿਆਂ ਰਾਜਿਆਂ ਨੂੰ 'ਰਾਵਣ' 'ਕੰਸ' ਵਾਂਗ ਉਸ ਸਮੇਂ ਰਾਕਸ਼ ਆਖਦੇ ਸਨ ਤੇ ਉਨ੍ਹਾਂ ਤੇ ਆਪਣਾ ਸਤ ਰੱਖਣ ਵਾਲੀਆਂ ਰਾਜ ਕੰਨਿਆਂ ਨੂੰ ਦੇਵੀਆਂ ਆਖਿਆ ਜਾਂਦਾ ਸੀ।

ਜੇ ਕੋਈ ਇਸਦਾ ਸਬੂਤ ਮੰਗੇ ਤਾਂ ਇਸ ਤਰ੍ਹਾਂ ਸਮਝਾਉਣਾ ਪਵੇਗਾ ਕਿ ਲੰਬੇ ਸਮੇਂ ਤੋਂ ਬਾਅਦ ਨਿਸ਼ਾਨੀਆਂ ਤੋਂ ਹੀ ਅਨੁਮਾਨ ਲਗਾਏ ਜਾਂਦੇ ਹਨ।ਜਿਵੇਂ ਕੋਇਲੇ ਦੇ ਪਹਾੜਾਂ ਨੂੰ ਦੇਖਕੇ ਕੋਈ ਇਹ ਕਹਿ ਦੇਵੇ ਕਿ ਕਿਸੇ ਸਮੇਂ ਇਹ ਦਰਖਤ ਹੁੰਦੇ ਸਨ, ਤਾਂ ਮੰਨਣਾ ਮੁਸ਼ਕਲ ਤਾਂ ਜ਼ਰੂਰ ਹੈ, ਪਰ ਸਮਝ ਵਿਚ ਆ ਜਾਂਦਾ ਹੈ ਕਿ ਕਾਲ ਕਰਮ ਅਨੁਸਾਰ ਸਮੁੰਦ੍ਰ ਨੇ ਚਮਤਕਾਰ ਦਿਖਾ ਕੇ ਧਰਤੀ ਨੂੰ ਅਜੇਹਾ ਰੰਗ ਚਾੜ੍ਹਿਆ, ਜੋ ਪਹਾੜ ਦੀ ਸ਼ਕਲ ਵਿਚ ਤਬਦੀਲ ਹੋ ਗਈ ਤੇ ਸਮਾਂ ਪਾਕੇ ਉਹ ਸਮੁੰਦਰ

ਭੀ ਉਸ ਨੂੰ ਛੱਡ ਗਿਆ।ਖਾਲੀ ਪਹਾੜ ਹੀ ਰਹਿ ਗਏ ਤੇ ਉਹ ਰੁੱਖ ਇਕ ਪੱਥਰ ਦਾ ਰੂਪ ਹੋ ਗਏ, ਜਿਸਨੂੰ ਲੋਕ 'ਪੱਥਰ ਦਾ ਕੋਇਲਾ' ਕਹਿਣ ਲੱਗ ਪਏ।

ਉਪਰੋਕਤ ਸਬੂਤ ਵਾਂਗ ਉਸ ਸਮੇਂ ਦੀ ਤਾਰੀਖੀ ਲੜਾਈ ਜੋ ਮਰਹੱਟਿਆਂ ਤੇ ਰਾਜਪੂਤਾਂ ਵਿਚਕਾਰ ਹੁੰਦੀ ਸੀ, ਉਨ੍ਹਾਂ ਦੇ ਪੁਰਾਣੇ ਨਾਮ 'ਸੁੰਭ' 'ਨਿਸੁੰਭ' 'ਮੁੰਡ' ਆਦਿਕ ਤੇ ਉਨ੍ਹਾਂ ਦੀਆਂ ਇਸਤ੍ਰੀਆਂ ਦੇ ਨਾਮ ਅੱਗੇ 'ਬਾਈ' ਆਉਂਦਾ ਸੀ ਜੈਸੇ ਕਿ 'ਕਰਮਾਂਬਾਈ' 'ਮੀਰਾਂਬਾਈ' ਆਦਿਕ ਮਰਹੱਟੀਆਂ ਇਸਤ੍ਰੀਆਂ ਸਨ।ਇਹ ਨਾਮ ਮਰਹੱਟਿਆਂ ਵਿਚ ਅੱਜ ਤੱਕ ਮਸ਼ਹੂਰ ਹਨ, ਜਿਵੇਂ ਸੇਵਾ ਜੀ ਦੇ ਪੁੱਤ੍ਰ ਦਾ ਨਾਮ 'ਸੰਭਾ' ਸੀ, ਆਦਰ ਕਰਕੇ ਨਾਲ 'ਜੀ' ਲਗਾ ਦਿੱਤਾ ਜੋ 'ਸੰਭਾ ਜੀ' ਕਰਕੇ ਆਖਦੇ ਹਨ।ਇਸੇ ਤਰ੍ਹਾਂ 'ਚੰਡ' ਅਰ 'ਮੁੰਡ' ਦੇ ਨਿਸ਼ਾਨ ਭੀ ਉਸ ਦੇਸ਼ ਦੇ ਅੱਜ ਤੱਕ ਨਾਮ 'ਚਾਂਡੂ' 'ਨਾਟੂ' ਆਦਿਕ ਪਾਏ ਜਾਂਦੇ ਹਨ।ਏਸੇ ਤਰ੍ਹਾਂ ਰਾਵਣ ਦੇ ਮਾਮੇ ਦਾ ਨਾਮ 'ਤ੍ਰਿਮੁੰਡ' ਸੀ, ਜਿਸਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਸਭ ਮਰਹੱਟੇ ਲੋਕ ਸਨ, ਜਿੰਨ੍ਹਾਂ ਨੂੰ ਰਾਜਪੂਤ ਲੋਕ ਆਪਣੀ ਦੁਸ਼ਮਣੀ ਕਰਕੇ ਰਾਕਸ਼ ਸੱਦਦੇ ਸਨ।ਅੱਗੇ ਰਾਜਪੂਤਾਂ ਦੀਆਂ ਇਸਤ੍ਰੀਆਂ ਦੇ ਨਾਮ ਅੱਗੇ 'ਦੇਵੀ' ਪਦ ਆਉਂਦਾ ਸੀ, ਜਿਸ ਤੋਂ ਉਨ੍ਹਾਂ ਦਾ ਪਹਿਲਾ ਨਾਮ ਛੱਡ ਕੇ ਦੇਵੀਆਂ ਆਖਣ ਲੱਗ ਪਏ ਜਿਵੇਂ ਦੇਵਲ ਦੇਵੀ, ਕੰਵਲਾ ਦੇਵੀ ਆਦਿਕ।ਸੋ ਇੰਨ੍ਹਾਂ ਨਾਵਾਂ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਨਿਰਸੰਦੇਹ ਰਾਜਪੂਤਾਂ ਦੀਆਂ ਲੜਕੀਆਂ ਸਨ, ਜੋ ਆਪਣੇ ਵਿਰੋਧੀ ਮਰਹੱਟਿਆਂ ਨੂੰ ਰਾਕਸ਼ ਸਮਝ ਕੇ ਉਨ੍ਹਾਂ ਨਾਲ ਲੜਦੀਆਂ ਸਨ।

ਜਿਸ ਤਰਾਂ ਇਸ ਦੇਸ਼ ਉਤੇ ਜਦ ਤੁਰਕ ਹਮਲੇ ਕਰਦੇ ਸਨ ਤੇ ਇਥੋਂ ਦੀਆਂ ਇਸਤ੍ਰੀਆਂ ਨੂੰ ਪਕੜ ਕੇ ਲੈ ਜਾਂਦੇ ਸਨ ਤਾਂ ਇਸ ਦੇਸ਼ ਵਾਲੇ ਉਨ੍ਹਾਂ ਨੂੰ 'ਰਾਸ਼ੇ' ਜੋ ਰਾਕਸ਼ ਪਦ ਦਾ ਵਿਗੜਿਆ ਰੂਪ ਹੈ 'ਰਾਸ਼ਾ' ਬੋਲਦੇ ਸਨ, ਅਰ ਕੋਈ ਉਨ੍ਹਾਂ ਨੂੰ 'ਰੁਹੇਲੇ' ਜੋ 'ਰੋਹਲੇ' ਅਰਥਾਤ ਕ੍ਰੋਧੀ ਵਿਚੋਂ ਨਿਕਲਿਆ ਹੈ, ਆਖਦੇ ਸਨ ਤੇ ਕਈ ਮਲੇਸ਼ ਸੱਦਦੇ ਸਨ।ਦੋ ਮੁਲਕਾਂ ਦੀ ਜੰਗ ਵਿਚ ਉਨ੍ਹਾਂ ਦੀਆਂ ਬੇਗੁਨਾਹ ਇਸਤ੍ਰੀਆਂ ਉਤੇ ਹਮਲਾ ਕਰਨਾ ਉਨ੍ਹਾਂ ਦਾ ਰਾਕਸ਼ਪੁਣਾ ਸੀ ਅਤੇ ਉਨ੍ਹਾਂ ਧਰਮਾਤਮਾ ਕੰਨਿਆਂ ਦਾ ਆਪਣੀਆਂ ਭੁਜਾਂ ਦੇ ਬਲ ਨਾਲ ਉਨ੍ਹਾਂ ਤੋਂ ਬਚਣਾ ਹੀ ਉਨ੍ਹਾਂ ਨੂੰ ਦੇਵੀ ਪਦ ਦਾ ਅਧਿਕਾਰੀ ਬਣਾਉਂਦਾ ਸੀ।

ਇਸ ਗੱਲ ਦਾ ਸਮਝਣਾ ਕੋਈ ਮੁਸ਼ਕਲ ਨਹੀਂ ਕਿਉਂਕਿ ਉਹ ਪਹਾੜਾਂ ਵਿਚ ਰਹਿੰਦੀਆਂ ਹੋਣ ਕਰਕੇ ਕੋਈ ਸ਼ੇਰ ਦਾ ਬੱਚਾ ਪਾਲ ਲਿਆ ਹੋਵੇਗਾ ਅਤੇ ਵੱਡਾ ਹੋਣ ਤੇ ਉਸ ਪਰ ਅਸਵਾਰੀ ਭੀ ਕਰ ਲਈ ਹੋਵੇਗੀ, ਜਿਵੇਂ ਕਿ ਸਰਕਸ ਵਿਚ ਆਮ ਹੀ ਦੇਖਿਆ ਜਾਂਦਾ ਹੈ।ਪਾਲੇ ਹੋਏ ਜਾਨਵਰ ਨਾਲ ਖੇਲਣ ਤੋਂ ਲੈਕੇ ਅਸਵਾਰੀ ਕਰਨ ਦੀ ਗੱਲ ਕੋਈ ਨਾਮੁਮਕਨ ਨਹੀਂ ਜਾਪਦੀ। ਦੂਸਰਾ ਸ਼ੇਰ ਨਾਲ ਸਾਰੇ ਦੁਸ਼ਮਣਾਂ ਨੂੰ ਭਜਾ ਦੇਣਾ ਯਾ ਮਾਰ ਦੇਣਾ ਭੀ ਕੋਈ ਵੱਡੀ ਗੱਲ ਨਹੀਂ ਕਿਉਂਕਿ ਉਸ ਸਮੇਂ ਲੜਾਈ ਤੇਗ, ਬਰਛੀ, ਕਟਾਰ, ਗਦਾ ਆਦਿਕ ਨਾਲ ਹੀ ਹੁੰਦੀ ਸੀ, ਬੰਦੂਕ ਯਾ ਤੋਪਾਂ ਨਹੀਂ ਹੁੰਦੀਆਂ ਸਨ।ਸੋ ਜਦ ਉਹ 'ਸੁੰਭ' ਜੈਸੇ ਮਰਹੱਟੇ ਚਾਰ ਤਰ੍ਹਾਂ ਦੀ ਫੌਜ ਜਿੰਨ੍ਹਾਂ ਵਿਚ ਹਾਥੀ, ਘੋੜੇ, ਪਿਆਦੇ ਤੇ ਰਥ ਹੁੰਦੇ ਸਨ, ਲੈਕੇ ਆਉਂਦੇ ਸਨ ਤਾਂ ਪਹਾੜ ਹੋਣ ਕਰਕੇ ਰਥਾਂ ਦਾ ਤਾਂ ਕੰਮ ਹੀ ਨਹੀਂ ਸੀ ਹੁੰਦਾ।ਕੇਵਲ ਤਿੰਨ ਤਰ੍ਹਾਂ ਦੀ ਫੌਜ ਸਾਹਮਣੇ ਜਦੋਂ ਦੇਵੀ ਹੱਥ ਵਿਚ ਕਟਾਰ ਤੇ ਸ਼ੇਰ ਦੀ ਸਵਾਰੀ ਕਰਕੇ ਨਿਕਲਦੀ ਸੀ ਤਾਂ ਸ਼ੇਰ ਦੇ ਦਹਾੜਨ ਨਾਲ ਹਾਥੀਆਂ ਘੋੜਿਆਂ ਵਿਚ ਭਗਦੜ ਮੱਚ ਜਾਂਦੀ ਸੀ ਤੇ ਸ਼ੇਰ ਵੈਰੀਆਂ ਦੇ ਟੁਕੜੇ ਟੁਕੜੇ ਕਰ ਦੇਂਦਾ ਸੀ ਤਾਂ ਦੇਵੀ ਉਨ੍ਹਾਂ ਨੂੰ ਭਜਾ ਕੇ ਫਿਰ ਪਹਾੜਾਂ ਵਿਚ ਅਲੋਪ ਹੋ ਜਾਂਦੀ ਸੀ।

ਇਹ ਗੱਲ ਕੋਈ ਨਵੀਂ ਗੱਲ ਨਹੀਂ ਤੇ ਨਾਂਹੀ ਕੋਈ ਕਰਾਮਾਤ ਯਾ ਅਚੰਭਾ।ਇਹ ਉਨ੍ਹਾਂ ਦੀ ਦਲੇਰੀ ਤੇ ਅਭਿਆਸ ਦਾ ਹੀ ਫਲ ਹੈ।ਫਿਰ ਇਹ ਲੜਕੀਆਂ ਜੰਗ ਦੇ ਕਰਨੇ ਕਰਕੇ ਤੇ ਛੱਤ੍ਰੀ ਰਾਜਪੂਤਾਂ ਦੀਆਂ ਕੰਨਿਆਂ ਹੋਣ ਕਰਕੇ ਮਾਸਾਹਾਰੀ ਸਨ ਤੇ ਲੋਕ ਇੰਨ੍ਹਾਂ ਨੂੰ ਬੱਕਰੇ ਨਜ਼ਰਾਨਾ ਲੈਕੇ ਮਿਲਦੇ ਸਨ।ਜਿਸਤੇ ਅੱਜ ਤੱਕ ਭੀ ਉਹੋ ਰਸਮ ਚਲੀ ਆਉਂਦੀ ਹੈ, ਜੋ ਉਨ੍ਹਾਂ ਦੇ ਭੌਣਾਂ ਅੱਗੇ ਲੋਕ ਬੱਕਰੇ ਬਲੀ ਦੇਂਦੇ ਹਨ।ਇਕ ਵੱਡਾ ਸਬੂਤ ਇਹ ਹੈ ਕਿ ਉਹ ਸੂਰਬੀਰ ਲੜਕੀਆਂ ਸਨ ਤੇ ਜਦ ਉਨ੍ਹਾਂ ਦੇ ਪਹਾੜਾਂ ਵਿਚ ਰੂਪ ਦੇਖਦੇ ਹਾਂ ਤਾਂ ਉਹ ਬਹੁਤ ਮਨੋਹਰ ਗੋਰੇ ਰੰਗ ਦੀਆਂ ਹੁੰਦੀਆਂ ਹਨ, ਪ੍ਰੰਤੂ ਜਦ ਗਰਮ ਦੇਸ਼ ਕਲਕੱਤੇ ਵਿਚ ਉਸਦੇ ਰੂਪ ਨੂੰ ਦੇਖੀਦਾ ਹੈ ਤਾਂ ਇਹ ਮਹਾਂਕਾਲੇ ਭਯਾਨਕ ਰੰਗ ਵਾਲੀ ਜਿਸਨੂੰ 'ਕਾਲੀ ਕਲਕੱਤੇ ਵਾਲੀ' ਸੱਦਦੇ ਹਨ। ਇਸਦਾ ਕਾਰਨ ਇਹ ਹੈ ਕਿ ਕਲਕੱਤਾ, ਬੰਗਾਲ ਗਰਮ ਇਲਾਕਾ ਹੈ ਤੇ ਇਹ ਦੁਸ਼ਮਣਾਂ ਨਾਲ ਲੜਦੀਆਂ ਹੋਈਆਂ ਪਹਾੜ ਦੀ ਕੰਢੀ ਕੰਢੀ ਹੀ ਚਲੀਆਂ ਗਈਆਂ ਸਨ ਤੇ ਦੁਸ਼ਮਣਾਂ ਨਾਲ ਲੜਨਾ ਇੰਨ੍ਹਾਂ ਦਾ ਕੰਮ ਸੀ।

ਇਹ ਸਾਰੇ ਹਾਲਾਤ ਸਾਬਤ ਕਰਦੇ ਹਨ ਕਿ ਉਹ ਦੇਵੀਆਂ ਜਿੰਨ੍ਹਾਂ ਨੂੰ ਲੋਕ ਈਸ਼੍ਵਰ ਦੀ ਸਮਰੱਥਾ ਯਾ ਜੋਤੀਆਂ ਸਮਝ ਕੇ ਪੂਜਦੇ ਸਨ ਸੋ ਰਾਜਪੂਤ ਛੱਤ੍ਰੀਆਂ ਦੀਆਂ ਰਾਜਕੁਮਾਰੀਆਂ ਸਨ, ਹੋਰ ਕੋਈ ਗੱਲ ਨਹੀਂ ਸੀ, ਜੋ ਲੋਕਾਂ ਨੇ ਖਯਾਲ ਕੀਤੇ ਹੋਏ

ਹਨ।ਇਸ ਵਾਸਤੇ ਇੰਨ੍ਹਾਂ ਵਿਚ ਈਸ਼੍ਵਰ ਬੁਧਿ ਤਯਾਗ ਕੇ ਧਰਮਾਤਮਾ ਰਾਜਕੁਮਾਰੀਆਂ ਸਮਝ ਕੇ ਇਨ੍ਹਾਂ ਦੀ ਇੱਜ਼ਤ ਕਰਨਾਂ ਕੋਈ ਬੁਰੀ ਬਾਤ ਨਹੀਂ ਹੈ।ਪ੍ਰੰਤੂ ਇੰਨ੍ਹਾਂ ਨੂੰ ਈਸ਼੍ਵਰ ਮੰਨਣਾ ਐਸਾ ਹੀ ਗੱਪ ਹੈ ਜੈਸਾ ਕਿ ਕੱਛੂ ਯਾ ਮੱਛ ਆਦਿਕ ਨੂੰ ਮੰਨਿਆਂ ਗਿਆ ਹੈ ਯਾ ਰਾਮ ਚੰਦ੍ਰ ਤੇ ਕ੍ਰਿਸ਼ਨ ਨੂੰ ਲੋਕ ਆਪਣੀ ਭੁੱਲ ਨਾਲ ਈਸ਼੍ਵਰ ਦਾ ਅਵਤਾਰ ਮੰਨਦੇ ਹਨ।

ਚੰਡੀ ਚਰਿੱਤ੍ਰ ਦੇ ਛੰਦਾਂ ਤੋਂ ਸਾਫ ਸਿੱਧ ਹੁੰਦਾ ਹੈ ਕਿ ਉਹ ਕੋਈ ਜਵਾਨ ਉਮਰ ਦੀ ਸੁੰਦਰ ਇਸਤ੍ਰੀ ਸੀ, ਜਿਸਦੀ ਸ਼ੋਭਾ ਇਸ ਤਰ੍ਹਾਂ ਬਿਆਨ ਕੀਤੀ ਹੈ, ਕਿ ਉਸਦਾ ਸੋਨੇ ਵਰਗਾ ਰੰਗ, ਮਮੋਲੇ ਵਰਗੀਆਂ ਅੱਖਾਂ, ਮੁੱਖ ਦੀ ਸੁੰਦ੍ਰਤਾ ਅੱਗੇ ਕ੍ਰੋੜਾਂ ਚੰਦ ਭੀ ਕੁੱਝ ਨਹੀਂ ਅਤੇ ਉਹ ਪਹਾੜ ਦੀ ਟੀਸੀ ਤੇ ਬੈਠੀ ਇਸ ਤਰ੍ਹਾਂ ਸੋਭਾਂ ਪਾਉਂਦੀ ਹੈ, ਜਿਵੇਂ ਇੰਦ੍ਰ ਦੀ ਇੰਦ੍ਰਾਣੀ (ਸ਼ਚੀ) ਹੋਵੇ। ਇਸਦੀ ਸੁੰਦ੍ਰਤਾ ਦੇਖ ਕੇ ਸੁੰਭ ਦਾ ਭਾਈ ਬੇਹੋਸ਼ ਹੋ ਗਿਆ ਤੇ ਉਸਨੂੰ ਫਿਰ ਆਪਣੇ ਭਾਈ ਰਾਜਾ ਸੁੰਭ ਦਾ ਪ੍ਰਤਾਪ ਦੱਸਕੇ ਉਸ ਨਾਲ ਵਿਆਹ ਕਰਨ ਦੀ ਗੱਲ ਕੀਤੀ।ਉਸਨੇ ਅੱਗੋਂ ਇਹੀ ਕਿਹਾ ਕਿ ਮੈਂ ਉਸ ਨਾਲ ਵਿਆਹ ਕਰਾਵਾਂਗੀ ਜੋ ਮੈਨੂੰ ਜੁੱਧ ਵਿਚ ਜਿੱਤ ਲਵੇ।ਇਹ ਗੱਲ ਸੁਣਕੇ ਉਸਨੇ ਆਪਣੇ ਭਾਈ ਸੁੰਭ ਕੋਲ ਉਸਦੀ ਸ਼ੋਭਾ ਕੀਤੀ ਤੇ ਕਿਹਾ ਕਿ ਤੇਰੇ ਕੋਲ ਹੋਰ ਪਦਾਰਥ ਤਾਂ ਬਹੁਤ ਹਨ, ਪਰ ਇਹੋ ਜਿਹੇ ਰੂਪ ਵਾਲੀ ਇਸਤ੍ਰੀ ਨਹੀਂ ਹੈ।ਦਸਮੇਸ਼ ਜੀ ਦੇ ਸ਼ਬਦਾਂ ਰਾਹੀਂ, ਸੁੰਭ ਦਾ ਭਾਈ ਨਿਸੁੰਭ ਉਸਦੀ ਸੁੰਦ੍ਰਤਾ ਦਾ ਬਿਆਨ ਇਸ ਤਰ੍ਹਾਂ ਕਰਦਾ ਹੈ:-

ਹਰਿ ਸੋ ਮੁਖ ਹੈ ਹਰਿਤੀ ਦੁਖ ਹੈ ਅਲਿਕੈ ਹਰਿ ਹਾਰ ਪ੍ਰਭਾਹਰਿਨੀ ਹੈ॥
ਲੋਚਨ ਹੈ ਹਰਿ ਸੇ ਸਰਸੇ ਹਰਿ ਸੇ ਭਰੁਟੇ ਹਰਿਸੀ ਬਰੁਨੀ ਹੈ॥
ਕੇਹਰਿ ਸੋ ਕਰਿਹਾ ਚਲਬੋ ਹਰਿ ਪੈ ਹਰਿ ਕੀ ਹਰਿਨੀ ਤਰਨੀ ਹੈ॥
ਹੈ ਕਰ ਮੈ ਹਰਿ ਪੈ ਹਰਿ ਸੋ ਹਰਿ ਰੂਪ ਕੀਏ ਹਰਿਕੀ ਧਰਨੀ ਹੈ॥੪੪॥ (ਵਿਸਥਾਰ ਡਰੋਂ ਅਰਥ ਨਹੀਂ ਲਿਖੇ)

ਜਦ ਸੁੰਭ ਨੇ ਇਸ ਤਰ੍ਹਾਂ ਸੁਣਿਆਂ ਤਾਂ ਉਹ ਕਹਿਣ ਲੱਗਾ ਕਿ ਉਸਦੇ ਪਾਸ ਪ੍ਰੇਰਨਾ ਲਈ ਕੋਈ ਚਤੁਰ ਪੁਰਸ਼ ਭੇਜਣਾ ਚਾਹੀਦਾ ਹੈ ਤਾਂ 'ਧੂਮਰਨੈਨ' ਇਸ ਸੇਵਾ ਲਈ ਤਿਆਰ ਹੋ ਗਿਆ ਤੇ ਕਹਿੰਦਾ ਜੇ ਨਾਂ ਮੰਨੀ ਤਾਂ ਕੇਸਾਂ ਤੋਂ ਫੜ੍ਹ ਕੇ ਘੜੀਸ ਕੇ ਤੇਰੇ ਦਰਬਾਰ ਵਿਚ ਲੈ ਆਵਾਂਗਾ।

ਇਸ ਸਾਰੇ ਪ੍ਰਸੰਗ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹ ਈਸ਼੍ਵਰ ਸੀ ਯਾ ਈਸ਼੍ਵਰ ਦੀ ਸ਼ਕਤੀ ਅਜੇਹੇ ਕੰਮ ਕਰਨ ਆਈ ਸੀ, ਜਿਸਨੂੰ ਵਿਆਹੁਣ ਲਈ ਲੋਕ ਯਤਨ ਕਰਦੇ ਸਨ।ਸਾਫ ਪਤਾ ਲੱਗਦਾ ਹੈ ਕਿ ਉਹ ਕਿਸੇ ਪਹਾੜੀ ਰਾਜੇ ਦੀ ਯਾ ਅਮੀਰ ਦੀ ਕੰਨਿਆਂ ਸੀ, ਐਸੀਆਂ ਕੰਨਿਆਂ ਨੂੰ ਜੁੱਧ ਜੰਗ ਦਾ ਪ੍ਰੇਮ ਹੁੰਦਾ ਸੀ, ਅਤੇ ਗੈਰ ਕੌਮ ਦੇ ਆਦਮੀਆਂ ਨੂੰ ਆਪਣੇ ਪਰ ਹਮਲੇ ਕਰਨ ਤੋਂ ਰੋਕਦੀਆਂ ਸਨ।ਇੰਨ੍ਹਾਂ ਪਾਸ ਕਈ ਰਾਜੇ ਜਿੰਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀ ਰਾਜੇ ਦੁੱਖ ਦਿੰਦੇ ਸਨ, ਪ੍ਰਾਰਥਨਾ ਲਈ ਆਉਂਦੇ ਸਨ ਕਿ ਸਾਡੀ ਮੱਦਦ ਕਰੋ, ਜੈਸਾ ਕਿ 'ਚੰਡੀ ਦੀ ਵਾਰ' ਵਿਚ ਲਿਖਿਆ ਹੈ।

ਪਹਾੜਾਂ ਵਿਚ ਬਾਉਲੀਆਂ ਤੇ ਨਹਾਉਣਾ ਹੀ ਆਮ ਸੀ।ਇਸ ਵਾਸਤੇ ਦੁਰਗਾ ਦੇਵੀ ਜਿਸ ਕੰਨਿਆਂ ਦਾ ਨਾਮ ਸੀ ਉਹ ਨਹਾਉਣ ਲਈ ਜਾਂਦੀ ਹੈ ਤਾਂ ਇੰਦ੍ਰ ਨਾਮੇ ਰਾਜਾ ਉਸ ਕੋਲ ਆਇਆ ਤੇ ਕਹਿਣ ਲੱਗਾ ਕਿ ਸਾਡੇ ਵਿਰੋਧੀਆਂ ਨੇ ਸਾਨੂੰ ਘਰੋਂ ਕੱਢ ਕੇ ਸਭ ਕੁੱਝ ਸਾਂਭ ਲਿਆ ਹੈ ਤੇ ਉਸਦਾ ਦੈਂਤ 'ਮਹਿਖਾ' ਬੜਾ ਬਲਵਾਨ ਹੈ।ਉਸਦੀ ਦੀਨਤਾ ਭਰੀ ਬੇਨਤੀ ਸੁਣਕੇ ਦੁਰਗਾ ਖਿੜਖਿੜਾ ਕੇ ਹੱਸ ਪਈ ਤੇ ਕਿਹਾ ਕਿ ਤੂੰ ਚਿੰਤਾ ਨਾਂ ਕਰ, ਮੈਂ ਚੱਲਦੀ ਹਾਂ।ਉਸਨੇ ਉਹੋ ਸ਼ੇਰ ਮੰਗਵਾਇਆ ਜੋ ਵੈਰੀ ਦੇ ਦਲਾਂ ਵਿਚ ਭਗਦੜ ਮਚਾ ਦਿੰਦਾ ਸੀ।ਉਹ ਵੈਰੀ ਦੇ ਦਲਾਂ ਤੇ ਜਾ ਪਈ, ਪਰ ਇਸਦਾ ਇਹ ਭੀ ਮਤਲਬ ਨਹੀਂ ਕਿ ਉਹ ਇਕੱਲੀ ਹੀ ਲੜਦੀ ਸੀ, ਸਗੋਂ ਉਸ ਨਾਲ ਹੋਰ ਰਾਜਿਆਂ ਦੀ ਸੈਨਾ ਜ਼ਰੂਰ ਹੁੰਦੀ ਸੀ, ਜਿਸ ਨਾਲ ਸਾਰਿਆਂ ਤੇ ਫਤਹਿ ਪਾਉਂਦੀ, ਅਰ ਉਹ ਸਭ ਦੀ ਸਰਦਾਰ ਹੋਣ ਕਰਕੇ 'ਲੜੇ ਫੌਜ ਨਾਮ ਸਰਦਾਰ ਦਾ' ਵਾਲੀ ਬਾਤ ਹੁੰਦੀ ਸੀ। ਮਹਿਖਾਸੁਰ ਨਾਮ ਭੀ (ਮਹਤ ਅਸੁਰ) ਅਰਥਾਤ ਵੱਡਾ ਰਾਕਸ਼ ਤੇ ਨਿਕਲਿਆ ਹੈ, ਜਿਸਨੂੰ ਅੱਜ ਕੱਲ ਭੀ 'ਮਹਿਤਾ' ਕਰਕੇ ਬੋਲਿਆ ਜਾਂਦਾ ਹੈ।ਅਸੁਰ ਪਦ ਉਸ ਨੂੰ ਇਸੇ ਤਰ੍ਹਾਂ ਦਿੱਤਾ ਹੈ, ਜਿਸ ਤਰ੍ਹਾਂ ਤੁਰਕਾਂ ਨੂੰ (ਮਲੇਸ਼) ਪਦ ਦਿੱਤਾ ਗਿਆ ਹੈ, ਇਸ ਵਾਸਤੇ ਉਹ ਇਕ ਇਸਤ੍ਰੀਆਂ ਸਨ, ਹੋਰ ਕੋਈ ਐਸੀਆਂ ਵਸਤੂਆਂ ਨਹੀਂ ਸਨ, ਜਿਸ ਤਰ੍ਹਾਂ ਲੋਕਾਂ ਨੇ ਖਿਆਲ ਕੀਤੀਆਂ ਹੋਈਆਂ ਹੈਨ।

ਹੋਰ ਲੋਕਾਂ ਦੀਆਂ ਕਲਪਤ ਦੇਵੀਆਂ ਦਾ ਹਾਲ ਤਾਂ ਪਹਿਲਾਂ ਬਹੁਤ ਲਿਖ ਚੁੱਕੇ ਹਾਂ, ਪਰ ਅਸਲ ਦੇਵੀਆਂ ਤਾਂ ਦੋ ਹੀ ਹਨ, ਜਿੰਨ੍ਹਾਂ ਦੇ ਅਧਾਰ ਪੁਰ ਸਾਰੇ ਸੰਸਾਰ ਤੇ ਸ੍ਰਿਸ਼ਟਾਰ ਤੇ ਦੁਰਾਚਾਰ ਵਰਤ ਰਿਹਾ ਹੈ।ਪਹਿਲੀ ਦੇਵੀ ਦਾ ਨਾਮ '**ਸੁਰੀ ਸੰਪਦਾ**'

ਹੈ, ਜਿਸਦਾ ਭਾਵ ਸੰਪੂਰਨ ਸ਼ੁਭ ਗੁਣਾਂ ਵਾਲੀ ਬਿਰਤੀ ਹੈ ਤੇ ਦੂਸਰੀ ਦਾ ਨਾਮ '**ਆਸੁਰੀ ਸੰਪਦਾ**' ਹੈ, ਜਿਸਦਾ ਪ੍ਰਭਾਵ ਸੰਪੂਰਨ ਬੁਰੇ ਭਾਵ ਹਨ।ਇੰਨ੍ਹਾਂ ਦੋਨੋ ਪ੍ਰਕਾਰ ਦੀਆਂ ਬਿਰਤੀਆਂ ਦੇ ਅਧੀਨ ਸਾਰਾ ਸੰਸਾਰ ਵਰਤ ਰਿਹਾ ਹੈ।ਜਿਤਨੇ ਧਰਮਾਤਮਾ ਆਪਣੇ ਉਤਮ ਸ਼ੁਭ ਗੁਣਾ ਕਰਕੇ ਉਤਮ ਕਰਮ ਕਮਾਉਂਦੇ ਹਨ, ਜਿੰਨ੍ਹਾਂ ਤੋਂ ਸੰਸਾਰ ਨੂੰ ਬਹੁਤ ਹੀ ਲਾਭ ਪਹੁੰਚ ਰਹੇ ਹਨ, ਸੋ ਸਾਰੇ ਦੇਵੀ ਸੰਪਦਾ ਦੇ ਸੁਰ ਅਰਥਾਤ ਦੇਵਤੇ ਕਹਾਉਂਦੇ ਹਨ।ਇਸੇ ਤਰ੍ਹਾਂ ਜੋ ਲੋਕ ਆਪਣੇ ਬੁਰੇ ਭਾਵਾਂ ਦੇ ਅਧੀਨ ਹੋਕੇ ਪਾਪ ਕਰਮ ਦਵਾਰਾ ਸਭ ਪ੍ਰਾਣੀਆਂ ਨੂੰ ਦੁੱਖ ਦੇ ਰਹੇ ਹਨ, ਸੋ ਲੋਕ ਆਸੁਰੀ ਦੇਵੀ ਦੀ ਸੈਨਾ ਹਨ, ਜਿਸਦਾ ਨਾਮ ਅਸੁਰ ਕਰਕੇ ਸੱਦਿਆ ਜਾਂਦਾ ਹੈ।

ਅਮਰਜੀਤ ਸਿੰਘ ਖੋਸਾ ਫਰਵਰੀ 06, 2012